# ਪੰਜਾਬ ਸਰਕਾਰ
# ਮਾਲ ਅਤੇ ਪੁਨਰਵਾਸ ਵਿਭਾਗ
# (ਭੌਂ ਮਾਲੀਆ ਸ਼ਾਖਾ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ,
ਮੰਡਲ ਕਮਿਸ਼ਨਰਜ਼ ।

ਮੀਮੋ ਨੰ: 14/6/02-ਭਮ.2/2256
ਚੰਡੀਗੜ੍ਹ, ਮਿਤੀ : 15.3.2004

ਵਿਸ਼ਾ: ਚਕੌਤੇ ਤੇ ਦਿੱਤੀਆ ਜਾਣ ਵਾਲੀਆਂ ਜਮੀਨਾ ਬਾਰੇ ।

1. ਦਸੰਬਰ, 2003 ਦੌਰਾਨ ਵਿੱਤੀ ਕਮਿਸ਼ਨਰ ਮਾਲ ਜੀ ਦੀ ਪ੍ਰਧਾਨਗੀ ਹੇਠ ਮਾਲ ਅਧਿਕਾਰੀਆਂ ਦੀ ਹੋਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਸਰਕਾਰ ਦੀਆਂ ਜਿਹੜੀਆਂ ਜਮੀਨਾਂ ਹਰ ਸਾਲ ਚਕੌਤੇ ਤੇ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਦੀ ਬੋਲੀ ਹਰ ਹਾਲਤ ਵਿਚ 28.2.2004 ਤੱਕ ਮੁਕੰਮਲ ਕੀਤੀ ਜਾਵੇ ਜਿਥੇ ਕਿਸੇ ਥਾਂ ਤੇ ਸਰਕਾਰੀ ਜਮੀਨਾਂ ਨੂੰ ਰਸਤਾ ਨਾ ਹੋਣ ਕਾਰਨ, ਇਸ ਨੂੰ ਖੁਲੀ ਬੋਲੀ ਰਾਹੀ ਚਕੌਤੇ ਤੇ ਦੇਣਾ ਅਸੰਭਵ ਹੋਵੇ, ਉਸ ਸਬੰਧੀ ਡਿਪਟੀ ਕਮਿਸ਼ਨਰ ਆਪਣੀਆਂ ਸਿਫਾਰਸ਼ਾਂ ਸਬੰਧਤ ਮੰਡਲ ਕਮਿਸ਼ਨਰ ਨੂੰ ਭੇਜਣ । ਇਹ ਵੀ ਫੈਸਲਾ ਲਿਆ ਗਿਆ ਸੀ ਕਿ ਡਿਪਟੀ ਕਮਿਸ਼ਨਰ ਵਲੋਂ ਪ੍ਰਾਪਤ ਹੋਈਆਂ ਸਿਫਾਰਸ਼ਾਂ ਕਮਿਸ਼ਨਰ ਮੰਡਲ ਵਲੋਂ ਸਰਕਾਰ ਨੂੰ ਭੇਜੀਆਂ ਜਾਣਗੀਆਂ ।

2. ਇਸ ਸਬੰਧ ਵਿਚ ਕੀਤੀ ਗਈ ਕਾਰਵਾਈ ਬਾਰੇ ਪੰਜਾਬ ਰਾਜ ਦੇ ਕਿਸੇ ਵੀ ਮੰਡਲ ਕਮਿਸ਼ਨਰ / ਡਿਪਟੀ ਕਮਿਸ਼ਨਰ ਤੋਂ ਕੋਈ ਸੂਚਨਾ ਪ੍ਰਾਪਤ ਨਹੀ ਹੋਈ ਹੈ । ਇਹ ਬੇਨਤੀ ਕੀਤੀ ਜਾਂਦੀ ਹੈ ਕਿ ਮੰਡਲ ਕਮਿਸ਼ਨਰਾਂ ਵਲੋਂ ਇਹ ਤਸਦੀਕ ਕੀਤਾ ਜਾਵੇ ਕਿ ਸਮੂਹ ਚਕੌਤੇ ਤੇ ਦਿੱਤੀਆਂ ਜਾਣ ਵਾਲੀਆਂ ਜਮੀਨਾਂ ਦੀ ਬੋਲੀ ਨਿਸਚਿਤ ਸਮੇਂ ਦੇ ਅੰਦਰ-ਅੰਦਰ ਹੋ ਚੁੱਕੀ ਹੈ ਅਤੇ ਕੋਈ ਵੀ ਜਮੀਨ ਇਸ ਕਾਰਵਾਈ ਤੇ ਬਿਨਾ ਬਕਾਇਆ ਨਹੀ ਰਹਿੰਦੀ । ਜਿਨ੍ਹਾਂ ਜਮੀਨਾਂ ਦੀ ਬੋਲੀ ਕੀਤੀ ਜਾ ਚੁੱਕੀ ਹੈ । ਉਸ ਬੋਲੀ ਦੀ ਪ੍ਰਵਾਨਗੀ ਸਮਰੱਥ ਅਧਿਕਾਰੀ ਪਾਸੋ ਪ੍ਰਾਪਤ ਕੀਤੇ ਜਾਣ ਬਾਰੇ ਵੀ ਸਰਕਾਰ ਨੂੰ ਸੂਚਿਤ ਕੀਤਾ ਜਾਵੇ ।

3. ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾ ਹੋਣ ਦੀ ਹਾਲਤ ਵਿੱਚ ਕਸੂਰਵਾਰਾਂ ਵਿਰੁੱਧ ਕਾਰਵਾਈ ਕੀਤੀ ਜਾਵੇ ।

ਅਧੀਨ ਸਕੱਤਰ ਮਾਲ (ਪ)

ਪਿੱਠ ਅੰ: ਨੰ: 14/6/02-ਭਮ-2/2257 ਚੰਡੀਗੜ੍ਹ, ਮਿਤੀ : 15.3.2004

ਇੱਕ ਉਤਾਰਾ ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ ।

2. ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਰਿਪੋਰਟ ਸਬੰਧਤ ਮੰਡਲ ਕਮਿਸ਼ਨਰ ਰਾਹੀਂ ਇੱਕ ਹਫਤੇ ਅੰਦਰ ਭੇਜੀ ਜਾਵੇ ।

ਅਧੀਨ ਸਕੱਤਰ ਮਾਲ (ਪ)